
# ਵਾਯੂ ਅਧਿਐਨ

## ਕੁਝ ਹੇਰੋਦੇਸ

ਹੇਠਾਂ ਦਿੱਤੇ ਚਾਰਟ ਤੋਂ ਹੇਰੋਦੇਸ ਮਹਾਨ ਦੇ ਤਿੰਨ ਪੁੱਤਰਾਂ (ਹਰੇਕ ਫ਼ਰਕ ਔਰਤ ਤੋਂ) ਅਤੇ ਉਨ੍ਹਾਂ ਦੀਆਂ ਦੋ ਸੰਤਾਨਾਂ ਨੂੰ ਵਿਖਾਉਂਦਾ ਹੈ। ਇਹ ਚਾਰਟ ਹੇਰੋਦੇਸ ਅੰਤਿਪਾਸ ਦੇ ਹੇਰੋਦਿਆਸ ਨਾਲ ਸਬੰਧ ਨੂੰ ਸਮਝਣ ਵਿਚ ਮਦਦਗਾਰ ਹੋਵੇਗਾ।




‘‘ਹੇਰੋਦੇਸ ਫ਼ਿਲਿਪੁਸ ਪਹਿਲਾ’’ ਲੂਕਾ 3: 1 ਵਾਲਾ ਚੌਥੇ ਹਿੱਸੇ ਦਾ ਹਾਕਮ ਨਹੀਂ ਹੈ। ਹੇਰੋਦੇਸ ਫ਼ਿਲਿੱਪੁਸ ਪਹਿਲੇ ਨੂੰ ਰੋਮ ਵਿਚ ਦੇਸ ਨਿਕਾਲਾ ਦਿੱਤਾ ਗਿਆ ਸੀ। ਇਹ ਵੀ ਧਿਆਨ ਦਿੱਤਾ ਜਾ ਸਕਦਾ ਹੈ ਕਿ ਸ਼ਲੋਮੀ ਹੇਰੋਦਿਆਸ ਅਤੇ ਫ਼ਿਲਿਪੁਸ ਪਹਿਲੇ ਦੀ ਧੀ ਸੀ।

# ਗਲੀਲ ਦੀ ਝੀਲ

ਗਲੀਲ ਦੀ ਝੀਲ ਯਰਦਨ ਦਰਿਆ ਦੀ ਘਾਟੀ ਦੇ ਉੱਤਰੀ ਸਿਰੇ ਤੇ ਹੈ। ਕਿਲ੍ਹੇ–ਨੁਮਾ ਸ਼ਹਿਰ ਅਤੇ ਜ਼ਿਲੇ ਦੇ ਨਾਂਅ ਤੇ (ਯਹੋਸ਼ੁਆ 19:35; 1 ਰਾਜਿਆਂ 15:20), ਪੁਰਾਣੇ ਨੇਮ ਵਿਚ (ਗਿਣਤੀ 34:11; ਯਹੋਸ਼ੁਆ 12:3; 13:27), ਇਸ ਨੂੰ ਕਿੰਨਰਥ (ਜਾਂ ਕਿਨਰੋਥ) ਦੀ ਝੀਲ ਆਖਿਆ ਜਾਂਦਾ ਸੀ। ਆਮ ਤੌਰ ਤੇ ਨਵੇਂ ਨੇਮ ਵਿਚ ਇਸ ਨੂੰ ਗਲੀਲ ਦੇ ਇਲਾਕੇ ਦੇ ਨਾਂਅ ਤੇ ਗਲੀਲ ਦੀ ਝੀਲ ਆਖਿਆ ਗਿਆ ਹੈ। ਲੂਕਾ ਨੇ ਇਸ ਨੂੰ ਗਨੇਸਰਤ ਦੀ ਝੀਲ (ਲੂਕਾ 5:1) ਆਖਿਆ ਹੈ; ਗਨੇਸਰਤ ਇਸ ਦੇ ਪੱਛਮ ਵੱਲ ਦਾ ਇਲਾਕਾ ਸੀ (ਮੱਤੀ 14:34)। ਇਸ ਝੀਲ ਨੂੰ ਬਾਅਦ ਵਿਚ ਤਿਬਰਿਆਸ ਦੀ ਝੀਲ (ਯੂਹੰਨਾ 6:1; 21:1) ਨਾਂਅ ਦਿੱਤਾ ਗਿਆ ਜੋ ਇਸ ਦੇ ਪੱਛਮੀ ਕੰਢੇ ਤੇ ਬਣੇ ਸ਼ਹਿਰ ਤੋਂ ਲਿਆ ਗਿਆ ਸੀ। ਉਲਝਣ ਤੋਂ ਬਚਣ ਲਈ ਅਸੀਂ ਇਸ ਅਧਿਐਨ ਵਿਚ ਗਲੀਲ ਦੇ ਸਮੁੰਦਰ ਨੂੰ ਝੀਲ ਹੀ ਕਹਾਂਗੇ।


ਇਹ ਝੀਲ ਤੇਰਾਂ ਮੀਲ ਗੁਣਾ ਸੱਤ ਮੀਲ ਤਕ ਫੈਲੀ ਆੜੂ ਦੀ ਸ਼ਕਲ ਦੀ ਹੈ ਅਤੇ ਸਮੁੰਦਰ ਤਲ ਤੋਂ ਸੱਤ ਕੁ ਸੌ ਫੁੱਟ ਨੀਵੀਂ ਹੈ। ਝੀਲ ਦੀ ਸਭ ਤੋਂ ਵੱਧ ਡੂੰਘਿਆਈ 150 ਫ਼ੁਟ ਦੇ ਕਰੀਬ ਹੈ। ਇਹ ਪਹਾੜੀਆਂ ਅਤੇ ਪਹਾੜਾਂ ਵਿਚ ਘਿਰੀ ਹੋਈ ਹੈ ਜੋ ਇਸ ਤੋਂ ਛੇ ਸੌ ਤੋਂ ਇਕ ਹਜ਼ਾਰ ਫ਼ੁੱਟ ਉੱਤੇ ਹਨ। ਕਈ ਵਾਰ ਉੱਚੀਆਂ ਥਾਂਵਾਂ ਤੋਂ ਠੰਡੀ ਹਵਾ ਝੀਲ ਵਿਚ ਲਗਦੀ ਹੈ ਅਤੇ ਇਸ ਦੀ ਸਤ੍ਹਾ ਤੇ ਉੱਚੀਆਂ ਲਹਿਰਾਂ ਉੱਠਦੀਆਂ ਹਨ।

ਇਸ ਸਮੁੰਦਰ ਵਿਚ ਪਾਣੀ ਆਉਂਦਾ ਵੀ ਹੈ ਅਤੇ ਪਾਣੀ ਜਾਂਦਾ ਵੀ ਹੈ ਇਸ ਕਰਕੇ ਇਸ ਦਾ ਪਾਣੀ ਤਾਜ਼ਾ ਅਤੇ ਸਾਫ਼ ਹੈ ਜਿਸ ਵਿਚ (ਖਾਰੇ ਸਮੁੰਦਰ ਦੇ ਮੁਕਾਬਲੇ)। ਮਸੀਹ ਦੇ ਵਕਤ ਵਿਚ ਇਹਦੇ ਆਲੇ ਦੁਆਲੇ ਕਸਬੇ ਸਨ, ਜੋ ਇਸ ਵਿੱਚੋਂ ਕੱਢੀ ਗਈ ਮੱਛੀ ਦਾ ਤਿਆਰ ਬਜ਼ਾਰ ਮੁਹੱਈਆ ਕਰਵਾਉਂਦੇ ਸਨ। ''ਮੱਛੀਆਂ ਫੜ੍ਹਨ, ਆਵਾਜਾਈ ਅਤੇ ਮਨਪਰਚਾਵੇ ਲਈ ਹਜ਼ਾਰਾਂ ਬੇੜੀਆਂ ਝੀਲ ਵਿਚ ਇੱਧਰ ਉੱਧਰ ਘੁੰਮਦੀਆਂ ਸਨ। ਜਿਸ ਨਾਲ ਪੂਰਾ ਇਲਾਕਾ ਹੀ ਰੌਣਕ ਅਤੇ ਖੁਸ਼ਹਾਲੀ ਵਾਲਾ ਸੀ।''[1]

---

ਟਿੱਪਣੀ

[1]ਜੇਮਸ ਸਟਾਕਰ, *ਦ ਲਾਈਫ਼ ਆਫ਼ ਕ੍ਰਾਈਸਟ* (ਸ਼ਿਕਾਗੋ: ਫ਼ਲੇਮਿੰਗ ਐੱਚ. ਰੇਵਲ ਕੰ., 1981), 59.



## ਰਸੂਲ

**ਪਤਰਸ–** ਉਹ ਸ਼ਮਊਨ ਦੇ ਨਾਅ ਨਾਲ ਵੀ ਮਸ਼ਹੂਰ ਸੀ। ਉਹਦਾ ਨਾਂਅ ਬਦਲ ਕੇ ਕੈਫ਼ਾ ਕਰ ਦਿੱਤਾ ਗਿਆ ਜਿਸ ਦਾ ਅਰਥ ਹੈ ''ਚੱਟਾਨ।'' ਉਸ ਨੇ ਯਹੂਦੀਆਂ ਵਿਚ ਮਨਾਦੀ ਦੇ ਆਪਣੇ ਕੰਮ ਨੂੰ ਕੀਤਾ ਅਤੇ 1 ਅਤੇ 2 ਪਤਰਸ ਕਿਤਾਬਾਂ ਲਿਖਿਆਂ। ਉਹਨੇ ਮਰਕੁਸ ਦੀ ਇੰਜੀਲ ਲਿਖਣ ਵਿਚ ਵੀ ਸਹਿਯੋਗ ਦਿੱਤਾ ਹੋ ਸਕਦਾ ਹੈ।

**ਅੰਦ੍ਰਿਆਸ–** ਉਹ ਪਤਰਸ ਦਾ ਭਰਾ ਸੀ ਅਤੇ ਯਿਸੂ ਕੋਲ ਪਤਰਸ ਨੂੰ ਲਿਆਇਆ ਸੀ (ਯੂਹੰਨਾ 1:40–42)। ਇਹ ਭਰਾ ਬੈਤਸੈਦਾ ਦੇ ਮਛੇਰੇ ਸਨ।

**ਯਾਕੂਬ–** ਉਹ ਯੂਹੰਨਾ ਦਾ ਭਰਾ ਸੀ। ਦੋਵੇਂ ਜ਼ਬਦੀ ਅਤੇ ਸਲੋਮੀ ਦੇ ਪੁੱਤਰ ਸਨ ਅਤੇ ਬੈਤਸੈਦਾ ਵਿਚ ਆਪਣੇ ਪਿਤਾ ਨਾਲ ਕੰਮ ਕਰਦੇ ਸਨ। ਕਈ ਵਾਰ ਇਸ ਨੂੰ ''ਵੱਡਾ'' ਆਖਿਆ ਜਾਂਦਾ ਹੈ, ਯਾਕੂਬ ਯਰੂਸ਼ਲਮ ਅਤੇ ਯਹੂਦੀਆ ਵਿਚ ਪ੍ਰਚਾਰ ਕਰਦਾ ਸੀ। 44 ਈਸਵੀ ਵਿਚ ਹੇਰੋਦੇਸ ਵੱਲੋਂ ਉਸ ਦਾ ਸਿਰ ਕਲਮ ਕਰਨ ਤੇ ਉਹ ਰਸੂਲਾਂ ਵਿੱਚੋਂ ਪਹਿਲਾ ਸ਼ਹੀਦ ਬਣਿਆ।

**ਯੂਹੰਨਾ–** ਉਹ ਯਾਕੂਬ ਦਾ ਭਰਾ ਸੀ। ਆਪਣੇ ਪਿਤਾ ਨਾਲ ਦੋਵੇਂ ਮਛੇਰੇ ਸਨ (ਮਰਕੁਸ 1:19, 20)। ਯਿਸੂ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ''ਗਰਜਣ ਦੇ ਪੁੱਤਰ'' (ਮਰਕੁਸ 3:17) ਆਖਿਆ। ਯੂਹੰਨਾ ਨੇ ਏਸ਼ੀਆ ਮਾਈਨਰ ਦੀਆਂ ਗੁਫ਼ਾਵਾਂ ਵਿਚ, ਖ਼ਾਸ ਕਰ ਅਫ਼ਸੁਸ ਵਿਚ ਕੰਮ ਕੀਤਾ। 95 ਈਸਵੀ ਵਿਚ ਉਸ ਨੂੰ ਪਤਮੁਸ ਵਿਚ ਦੇਸ ਨਿਕਾਲਾ ਦੇ ਦਿੱਤਾ ਗਿਆ, ਜਿੱਥੇ ਉਸ ਨੇ ''ਪ੍ਰਕਾਸ਼ ਦੀ ਪੋਥੀ'' ਲਿਖੀ। ਉਸ ਦੀਆਂ ਲਿਖਤਾਂ ਵਿਚ ਯੂਹੰਨਾ ਦੀ ਇੰਜੀਲ, 1, 2, 3 ਯੂਹੰਨਾ ਦੀਆਂ ਪੱਤਰੀਆਂ ਹਨ

**ਫ਼ਿਲਿੱਪੁਸ–** ਉਹ ਬੈਤਸੈਦਾ ਦਾ ਰਹਿਣ ਵਾਲਾ ਸੀ। ਉਸ ਨੇ ਨਥਾਨੀਏਲ ਨੂੰ ਯਿਸੂ ਬਾਰੇ ਦੱਸਿਆ (ਯੂਹੰਨਾ 1:44–46)।

**ਬਰਥਲਮਈ–** ਉਹ ਯੂਹੰਨਾ ਦੀ ਇੰਜੀਲ ਵਾਲਾ ਨਥਾਨੀਏਲ ਹੋ ਸਕਦਾ ਹੈ। (ਯੂਹੰਨਾ 1:44–46)। ਉਹ ਕਾਨਾ ਗਲੀਲ ਦਾ ਵਾਸੀ ਸੀ।

**ਥੋਮਾ–** ਉਸ ਨੂੰ ਦਿਦਮੁਸ (''ਚੌੜਾ'') ਵੀ ਆਖਿਆ ਜਾਂਦਾ ਹੈ (ਯੂਹੰਨਾ 11:16; 20:24; 21:2)। ਉਹਦਾ ਘਰ ਗਲੀਲ ਵਿਚ ਸੀ। ਸੀਰੀਆ ਦੇ ਮਸੀਹੀ ਲੋਕਾਂ ਵੱਲੋਂ ਉਸ ਨੂੰ ਉਸ ਦੇਸ਼ ਦੀ ਕਲੀਸੀਆ ਦਾ ਮੋਢੀ ਮੰਨਿਆ ਜਾਂਦਾ ਹੈ; ਉਹਨੇ ਫਾਰਸ ਅਤੇ ਭਾਰਤ ਵਿਚ ਵੀ ਕਲੀਸੀਆਵਾਂ ਕਾਇਮ ਕੀਤੀਆਂ ਹੋ ਸਕਦੀਆਂ ਹਨ।

**ਮੱਤੀ–** ਉਹ ਹਲਫ਼ਈ ਦਾ ਪੁੱਤਰ ਲੇਵੀ ਦੇ ਨਾਂਅ ਨਾਲ ਵੀ ਮਸ਼ਹੂਰ ਹੈ (ਮੱਤੀ 9:9; ਮਰਕੁਸ 2:14)। ਉਹ ਕਫ਼ਰਨਾਹੂਮ ਦਾ ਰਹਿਣ ਵਾਲਾ ਸੀ ਅਤੇ ਰੋਮੀ ਸਰਕਾਰ ਲਈ ਮਸੂਲ ਜਮਾਂ ਕਰਨ ਦਾ ਕੰਮ ਕਰਦਾ ਸੀ।

**ਯਾਕੂਬ–** ਕਈ ਵਾਰ ''ਲੇਵੀ'' ਅਖਵਾਉਣ ਵਾਲਾ ਇਹ ਯਾਕੂਬ ਹਲਫ਼ਈ ਅਤੇ ਮਰੀਅਮ ਦਾ ਪੁੱਤਰ ਸੀ (ਮੱਤੀ 10:3; 27:56)। (ਯਾਕੂਬ ਅਤੇ ਮੱਤੀ ਭਰਾ ਹੋ ਸਕਦੇ ਹਨ? ਪਤਾ ਨਹੀਂ।) ਉਹ ਗਲੀਲ ਤੋਂ ਸੀ ਅਤੇ ਯਾਕੂਬ ਦੀ ਕਿਤਾਬ ਦਾ ਲੇਖਕ ਸੀ।

**ਥੱਦਈ–** ਯਾਕੂਬ ਦਾ ਪੁੱਤਰ। ਇਸ ਨੂੰ ਯਹੂਦਾ ਜਾਂ ਯੁਦਾਸ ਵੀ ਆਖਿਆ ਜਾਂਦਾ ਹੈ (ਮੱਤੀ 10:3; ਲੂਕਾ 6:16)। ਉਹ ਗਲੀਲੀ ਸੀ।

**ਸ਼ਮਊਨ ਕਨਾਨੀ–** ਉਸ ਨੂੰ ਸ਼ਮਊਨ ਜ਼ੇਲੋਤੇਸੀ ਵੀ ਆਖਿਆ ਜਾਂਦਾ ਹੈ, ਜੋ ਅਰਾਮੀ ਭਾਸ਼ਾ ਦੇ ਸ਼ਬਦ ਤੋਂ ਅਨੁਵਾਦ ਕੀਤਾ ਗਿਆ ਹੈ। ਸ਼ਮਊਨ ਗਲੀਲ ਦਾ ਰਹਿਣ ਵਾਲਾ ਸੀ।

**ਯਹੂਦਾ ਇਸਕਰਯੋਤੀ–** ''ਇਸਕਰਯੋਤੀ'' ਸ਼ਾਇਦ ਇਹ ਸੰਕੇਤ ਦਿੰਦਾ ਹੈ ਕਿ ਉਹ ਯਹੂਦੀਆ ਦੇ ਕਰਿਯੋਥ ਸ਼ਹਿਰ ਦਾ ਰਹਿਣ ਵਾਲਾ ਸੀ। ਉਸ ਨੇ ਯਿਸੂ ਨੂੰ ਫੜਵਾਇਆ ਅਤੇ ਫਿਰ ਖ਼ੁਦਕੁਸ਼ੀ ਕਰ ਲਈ।

**ਮੱਥਿਆਸ–** ਯਹੂਦਾ ਇਸਕਰਯੋਤੀ ਦੀ ਮੌਤ ਦੇ ਬਾਅਦ ਉਹਦੀ ਥਾਂ ਭਰਨ ਲਈ ਪਰਚੀ ਰਾਹੀਂ

ਮੱਥਿਆਸ ਨੂੰ ਚੁਣਿਆ ਗਿਆ (ਰਸੂਲਾਂ ਦੇ ਕੰਮ 1:26)। ਰਸੂਲਾਂ ਦੇ ਕੰਮ 1:22 ਤੋਂ ਸਾਨੂੰ ਪਤਾ ਲਗਦਾ ਹੈ ਕਿ ਮੱਥਿਆਸ ਯਿਸੂ ਅਤੇ ਉਹਦੇ ਚੇਲਿਆਂ ਨਾਲ ''ਯੂਹੰਨਾ ਦੇ ਬਪਤਿਸਮੇ ਤੋਂ ਲੈ ਕੇ ਉਸ ਦਿਨ ਤੀਕ ਕਿ ਉਹ ਉਤਾਹਾਂ ਉਠਾਇਆ ਗਿਆ'' ਯਿਸੂ ਅਤੇ ਉਹਦੇ ਚੇਲਿਆਂ ਦੇ ਨਾਲ ਰਿਹਾ ਸੀ।

**ਪੌਲੁਸ**– ਸ਼ਾਊਲ ਜਿਹੜਾ ਬਾਅਦ ਵਿਚ ਪੌਲੁਸ ਅਖਵਾਇਆ, ਕਲੀਸੀਆ ਦਾ ਸਤਾਉਣ ਵਾਲਾ ਗੈਰਕੌਮਾਂ ਲਈ ਖ਼ਾਸ ਰਸੂਲ ਬਣਨ ਲਈ ਚੁਣਿਆ ਗਿਆ (ਰੋਮੀਆਂ 11:13; 1 ਕੁਰਿੰਥੀਆਂ 1:1; 9:1; 15:9; 2 ਕੁਰਿੰਥੀਆਂ 12:12; ਗਲਾਤੀਆਂ 1:1; 1 ਤਿਮੋਥਿਉਸ 2:7)। ਯਿਸੂ ਨੇ ਦਮਿਸ਼ਕ ਦੇ ਰਾਹ ਤੇ ਉਹਨੂੰ ਦਰਸ਼ਨ ਦਿੱਤਾ। ਉਹਨੇ ਨਵੇਂ ਨੇਮ ਦਾ ਕਾਫ਼ੀ ਹਿੱਸਾ ਲਿਖਿਆ।

ਰਸੂਲ ਪ੍ਰਭੂ ਵੱਲੋਂ ਠਹਿਰਾਏ ਗਏ ਉਸ ਦੇ ਖ਼ਾਸ ਦੂਤ ਸਨ, ਜੋ ਉਹਦੀ ਜ਼ਿੰਦਗੀ ਅਤੇ ਜੀ ਉੱਠਣ ਦੀ ਨਿੱਜੀ ਗਵਾਹੀ ਦੇ ਸਕਦੇ ਸਨ। ਜਦ ਯਹੂਦਾ ਇਸਕਰਯੋਤੀ ਦੀ ਥਾਂ ਨਵੇਂ ਰਸੂਲ ਨੂੰ ਲਾਉਣ ਦੀ ਗੱਲ ਹੋਈ ਤਾਂ ਉਹਦੇ ਲਈ ਸ਼ਰਤ ਇਹ ਸੀ ਕਿ ਉਹ ਯਿਸੂ ਅਤੇ ਉਹਦੇ ਚੇਲਿਆਂ ਨਾਲ ਉਸ ਦੀ ਪੂਰੀ ਸੇਵਕਾਈ ਦੌਰਾਨ ਰਿਹਾ ਹੋਵੇ (ਰਸੂਲਾਂ ਦੇ ਕੰਮ 1:21)। ਬਾਅਦ ਵਿਚ ਯਿਸੂ ਨੇ ਗੈਰਕੌਮਾਂ ਲਈ ਰਸੂਲ ਬਣਾਉਣ ਲਈ ਉਸ ਨੂੰ ਯੋਗ ਠਹਿਰਾਉਣ ਵਾਸਤੇ ਪੌਲੁਸ ਨੂੰ ਦਰਸ਼ਨ ਦਿੱਤਾ (ਵੇਖੋ 1 ਕੁਰਿੰਥੀਆਂ 15:8)। ਇੱਥੇ ਦਿੱਤੀ ਗਈ ਕੁਝ ਜਾਣਕਾਰੀ ਫ੍ਰੈਂਕ ਐਲ ਕੋਕ, ਦ ਗਲੋਰੀਅਸ ਕੰਪਨੀ ਆਫ਼ ਦ ਅਪੋਸਟਲਜ਼, *ਦ ਮਿਨਿਸਟਰ'ਜ (*ਫ਼ਰਵਰੀ 1960): 254 ਵਿੱਚੋਂ ਲਈ ਗਈ।

# ਵਚਨ ਵਿਚ ਦਿੱਤੀ ਰਸੂਲਾਂ ਦੀ ਸੂਚੀ*


| *ਮੱਤੀ 10:2–4* | *ਮਰਕੁਸ 3:16–19* | *ਲੂਕਾ 6:13–16* | *ਰਸੂਲਾਂ. 1:13* |
|---|---|---|---|
| ਸ਼ਮਊਨ ਪਤਰਸ | ਸ਼ਮਊਨ ਪਤਰਸ | ਸ਼ਮਊਨ ਪਤਰਸ | ਪਤਰਸ |
| ਅੰਦ੍ਰਿਆਸ | ਯਾਕੂਬ | ਅੰਦ੍ਰਿਆਸ | ਯੂਹੰਨਾ |
| ਯਾਕੂਬ | ਯੂਹੰਨਾ | ਯਾਕੂਬ | ਯਾਕੂਬ |
| ਯੂਹੰਨਾ | ਅੰਦ੍ਰਿਆਸ | ਯੂਹੰਨਾ | ਅੰਦ੍ਰਿਆਸ |
| — — — | — — — | — — — | — — — |
| ਫ਼ਿਲਿੱਪੁਸ | ਫ਼ਿਲਿੱਪੁਸ | ਫ਼ਿਲਿੱਪੁਸ | ਫ਼ਿਲਿਪੁਸ |
| ਬਰਥੁਲਮਈ | ਬਰਥੁਲਮਈ | ਬਰਥੁਲਮਈ | ਥੋਮਾ |
| ਥੋਮਾ | ਮੱਤੀ | ਮੱਤੀ | ਬਰਥੁਲਮਈ |
| ਮੱਤੀ | ਥੋਮਾ | ਥੋਮਾ | ਮੱਤੀ |
| — — — | — — — | — — — | — — — |
| ਹਲਫ਼ਈ ਦਾ ਪੁੱਤਰ ਯਾਕੂਬ | ਹਲਫ਼ਾ ਦਾ ਪੁੱਤਰ ਯਾਕੂਬ | ਹਲਫ਼ਈ ਦਾ ਪੁੱਤਰ ਯਾਕੂਬ | ਹਲਫ਼ਈ ਦਾ ਪੁੱਤਰ ਯਾਕੂਬ |
| ਥੱਦਈ | ਥੱਦਈ | ਸ਼ਮਊਨ ਕਨਾਨੀ | ਸ਼ਮਊਨ ਕਨਾਨੀ |
| ਸ਼ਮਊਨ ਕਨਾਨੀ** | ਸ਼ਮਊਨ ਕਨਾਨੀ | ਯਾਕੂਬ ਦਾ ਪੁੱਤਰ ਯਹੂਦਾ | ਯਾਕੂਬ ਦਾ ਪੁੱਤਰ ਯਹੂਦਾ |
| ਯਹੂਦਾ ਇਸਕਰਿਯੋਤੀ | ਯਹੂਦਾ ਇਸਕਰਿਯੋਤੀ | ਯਹੂਦਾ ਇਸਕਰਿਯੋਤੀ | |

*ਬਿੰਦੀਆਂ ਵਾਲੀਆਂ ਲਾਈਨਾਂ ''ਤੂਫ਼ਾਨ ਦਾ ਥੰਮ੍ਹ ਜਾਣਾ'' ਪਾਠ ਵਿਚ ਚਰਚਾ ਕੀਤੇ ਸਮੂਹਾਂ ਦਾ ਸੰਕੇਤ ਦਿੰਦੀਆਂ ਹਨ।

**ਮੱਤੀ ਅਤੇ ਮਰਕੁਸ ਵਿਚ ਯੂਨਾਨੀ ਵਿਚ ''ਜ਼ੇਲੋਤੇਸ'' ਦੀ ਥਾਂ ਹੋਰ ਸ਼ਬਦ ਵਰਤਿਆ ਗਿਆ ਹੈ (ਵੇਖੋ KJV), ਪਰ ਮਤਲਬ ਉਹੀ ਹੈ।

## ਇਸ ਕਿਤਾਬ ਵਿਚ ਦਿੱਤੇ ਮਸੀਹ ਦੇ ਸਫ਼ਰ

| | |
|---|---|
| ਮਹਾਨ ਗਲੀਲੀ ਦੀ ਸ਼ੁਰੂਆਤ<br>(ਮੱਤੀ 4: 12; ਮਰਕੁਸ 1: 14, 15; ਲੂਕਾ 4: 14, 15) | ਗਲੀਲ |
| ਕਫ਼ਰਨਹੂਮ ਵਿਚ ਟਿਕਾਣਾ ਬਣਾਉਣਾ<br>(ਮੱਤੀ 4: 13–17; ਲੂਕਾ 4: 31) | ਕਫ਼ਰਨਹੂਮ |
| ਪੂਰਾ ਸਮਾ ਸ਼ਗਿਰਦੀ ਲਈ ਲੋਕਾਂ ਨੂੰ ਸੱਦਣਾ<br>(ਮੱਤੀ 4: 18–22; ਮਰਕੁਸ 1: 16–20; ਲੂਕਾ 5: 1–11) | ਕਫ਼ਰਨਹੂਮ |
| ਸਿਨਾਗੋਗ ਵਿਚ ਭੂਤ ਚੰਬੜੇ ਨੂੰ ਚੰਗਿਆਈ ਦੇਣਾ<br>(ਮਰਕੁਸ 1: 21–28; ਲੂਕਾ 4: 31–37) | ਕਫ਼ਰਨਹੂਮ |
| ਚੰਗਿਆਈ ਦੇ ਕਈ ਮੋਅਜਜ਼ੇ<br>(ਮੱਤੀ 4: 23–25; 8: 14–17; ਮਰਕੁਸ 1: 29–39; ਲੂਕਾ 4: 38–44) | ਕਫ਼ਰਨਹੂਮ ਅਤੇ ਗਲੀਲ |
| ਕੋੜ੍ਹੀ ਨੂੰ ਚੰਗਿਆਈ ਦੇਣਾ<br>(ਮੱਤੀ 8: 2–4; ਮਰਕੁਸ 1: 40–45; ਲੂਕਾ 5: 12–15) | ਗਲੀਲ |
| ਅਧਰੰਗੀ ਨੂੰ ਚੰਗਾ ਕਰਨਾ<br>(ਮੱਤੀ 9: 2–8; ਮਰਕੁਸ 2: 1–12; ਲੂਕਾ 5: 17–26) | ਕਫ਼ਨਹੂਮ |
| ਮੱਤੀ ਦੀ ਬੁਲਾਹਟ; ਮੱਤੀ ਦੀ ਦਾਅਵਤ<br>(ਮੱਤੀ 9: 9–17; ਮਰਕੁਸ 2: 13–22; ਲੂਕਾ 5: 27–39) | ਕਫ਼ਨਹੂਮ |
| ਬੇਥਜ਼ਥਾ ਦੇ ਤਲਾਅ ਤੇ ਚੰਗਿਆਈ<br>(ਯੂਹੰਨਾ 5: 2–47) | ਯਰੂਸ਼ਲਮ |
| ਸੱਬਤ ਦੀਆਂ ਰੀਤਾਂ ਦੇ ਖਿਲਾਫ਼ ਸਫ਼ਾਈ<br>(ਮੱਤੀ 12: 1–14; ਮਰਕੁਸ 2: 23–3: 6; ਲੂਕਾ 6: 1–11) | ਕਫ਼ਨਹੂਮ |
| ਬਾਰਾਂ ਰਸੂਲਾਂ ਦੀ ਚੋਣ<br>(ਮੱਤੀ 10: 2–4; ਮਰਕੁਸ 3: 13–19; ਲੂਕਾ 6: 12–19) | ਹਤੀਨ ਦੇ ਸਿੰਗ (?) |
| ਪਹਾੜੀ ਉਪਦੇਸ਼<br>(ਮੱਤੀ 5–7; ਲੂਕਾ 6: 20–49) | ਹਤੀਨ ਦੇ ਸਿੰਗ (?) |
| ਸੂਬੇਦਾਰ ਦਾ ਨੌਕਰ ਚੰਗਾ ਕੀਤਾ ਗਿਆ<br>(ਮੱਤੀ 8: 1, 5–13; ਲੂਕਾ 7: 1–10) | ਕਫ਼ਨਹੂਮ |
| ਵਿਧਵਾ ਦੇ ਪੁੱਤਰ ਨੂੰ ਜ਼ਿੰਦਾ ਕੀਤਾ ਗਿਆ<br>(ਲੂਕਾ 7: 11–17) | ਗਲੀਲ |
| ਦੂਜਾ ਗਲੀਲੀ ਦੌਰਾ<br>(ਲੂਕਾ 8: 1–3) | ਗਲੀਲ |


ਫ਼ਲਸਤੀਨ
ਸੀਰੀਆ
ਸੈਦਾ
ਫ਼ੀਨੀਕੇ
ਤਰਖੋਨਿਸ
ਸੂਰ
ਦਾਨ
ਬਾਸ਼ਾਨ ਜ਼ਿਲ੍ਹਾ
ਗਲੀਲ
ਕਫ਼ਰਨਾਹੂਮ
ਹਤੀਨ ਦੇ ਸਿੰਗ
ਗਲੀਲ ਦੀ ਝੀਲ
ਕਾਨਾ?
ਨਾਸਰਤ
ਦਿਕਾਪੁਲਿਸ
ਐਸਡਰੇਲੋਨ ਦੀ ਘਾਟੀ
ਏਨੌਨ?
ਸਲੀਮ?
ਮਹਾਂਸਾਗਰ
ਸਾਮਰੀਆ
ਸੁਖਾਰ
ਗਿਰਿਜ਼ੀਮ ਪਹਾੜ
ਪਿਰੀਆ
(''ਯਰਦਨ ਤੋਂ ਪਾਰ'')
ਯਰਦਨ ਦਰਿਆ
ਯਰੂਸ਼ਲਮ
ਬੈਤਲਹਮ
ਯਹੂਦੀਆ
ਖਾਰਾ ਸਮੁੰਦਰ
ਇਦੂਮੀਯਾਹ

## ਤਿੰਨ ਦਿਨ ਅਤੇ ਤਿੰਨ ਰਾਤਾਂ (ਮੱਤੀ 12:40)

ਨਿਸ਼ਾਨ ਮੰਗਣ ਵਾਲਿਆਂ ਨੂੰ ਯਿਸੂ ਨੇ ਦੱਸਿਆ, ''...ਜਿਸ ਤਰ੍ਹਾਂ ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਢਿੱਡ ਵਿਚ ਸੀ ਉਸੇ ਤਰ੍ਹਾਂ ਮਨੁੱਖ ਦਾ ਪੁੱਤਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਰਹੇਗਾ'' (ਮੱਤੀ 12:40)। ਪਰ ਆਪਣੇ ਚੇਲਿਆਂ ਨੂੰ ਆਪਣੇ ਜੀ ਉੱਠਣ ਬਾਰੇ ਦੱਸਦਿਆਂ ਉਸ ਨੇ ਆਖਿਆ ਕਿ ''ਤੀਜੇ ਦਿਨ'' (ਮੱਤੀ 16:21; 17:23; 20:19;)। ਲੂਕਾ 24:6–8, 13–27 ਵਿਚ ਅਸੀਂ ਉਸ ਦੀ ਗੱਲ ਨੂੰ ਪੂਰੀ ਹੁੰਦੇ ਵੇਖਦੇ ਹਾਂ।

ਜਿੱਥੋਂ ਤਕ ਅਸੀਂ ਦੱਸ ਸਕਦੇ ਹਾਂ, ''ਯਿਸੂ ਇਕ ਪੂਰਾ ਦਿਨ, ਦੋ ਪੂਰੀਆਂ ਰਾਤਾ ਅਤੇ ਦੋ ਦਿਨਾਂ ਦਾ ਕੁਝ ਹਿੱਸਾ ਕਬਰ ਵਿਚ ਰਿਹਾ।''[1] ਫਿਰ ਉਸ ਨੇ ਕਿਉਂਕਿ ਕਿ ਉਹ ''ਤਿੰਨ ਦਿਨ ਅਤੇ ਤਿੰਨ ਰਾਤ'' ਕਬਰ ਵਿਚ ਰਹੇਗਾ? ਜੇ. ਡਬਲਯੂ. ਮੈਕਗਰਵੇ ਨੇ ਵਿਆਖਿਆ ਦਿੱਤੀ ਹੈ:


> ... ਯਹੂਦੀ ਲੋਕ ਦਿਨ ਦੀ ਸ਼ੁਰੂਆਤ ਵਿਚ ਹੋਵੇ ਜਾਂ ਅਖ਼ੀਰ ਵਿਚ, ਇਸ ਨੂੰ ਪੂਰੇ ਦਿਨ ਦੇ ਤੌਰ ਤੇ ਹੀ ਮੰਨਦੇ ਸਨ। (ਮੱਤੀ 12:40), *[ਯਿਸੂ ਦੇ]* ਕਬਰ ਵਿਚ ਹੋਣ ਦੀ ਗੱਲ ਸਹੀ ਸੀ। ਯਹੂਦੀਆਂ ਵਿਚ ਤਿੰਨ ਵਾਕ ਅੰਸ਼ ਸਨ: ''... ਤੀਜੇ ਦਿਨ,'' ''ਤਿੰਨ ਦਿਨ ਬਾਅਦ,'' ''ਅਤੇ ਤਿੰਨ ਦਿਨ ਅਤੇ ਤਿੰਨ ਰਾਤਾਂ,'' ਜਿਨ੍ਹਾਂ ਦਾ ਸਭ ਦਾ ਮਤਲਬ ਇੱਕੋ ਹੀ ਸੀ ਭਾਵ ਇਹ ਕਿ ਤਿੰਨ ਦਿਨ ਜਿਨ੍ਹਾਂ ਵਿਚ ਦੋ ਕੁਝ ਭਾਗ ਦਿਨ ਹੋ ਸਕਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਤਿੰਨ ਪੂਰੇ ਦਿਨਾਂ ਅਤੇ ਰਾਤਾਂ, ਸੂਰਜ ਡੁੱਬਣ ਭਾਵ ਦਿਨ ਦੀ ਸ਼ੁਰੂਆਤ ਤੇ ਚਾਰ ਦਿਨ ਹੀ ਮੰਨੇ ਜਾਂਦੇ ਸਨ *[*ਰਸੂਲਾਂ ਦੇ ਕੰਮ 10:1–30*]*। ਦਿਨਾਂ ਦੀ ਯਹੂਦੀ ਗਣਨਾ ਲਈ ਵੇਖੋ *[*1 ਰਾਜਿਆਂ 12:5, 12; ਅਸਤਰ 4:1, 16; ਮੱਤੀ 27:63, 64*]*।[2]

ਨੈਟ ਕੂਪਰ ਨੇ ਇਕ ਚਾਰਟ ਬਣਾਇਆ ਹੈ ਜਿਸ ਵਿਚ ਮੌਤ ਤਂ ਪਹਿਲਾਂ ਯਿਸੂ ਦੀ ਜ਼ਿੰਦਗੀ ਵਿਚ ਆਖ਼ਰੀ ਦਿਨ ਵਿਖਾਇਆ ਗਿਆ ਹੈ ਅਤੇ ''ਤਿੰਨ ਦਿਨ ਅਤੇ ਤਿੰਨ ਰਾਤਾ ਨੂੰ ਦਰਸਾਇਆ ਗਿਆ ਹੈ, ਜਿਨ੍ਹਾਂ ਵਿਚ ਉਹ ਕਬਰ ਵਿਚ ਸੀ।[3] ਉਸ ਦੇ ਚਾਰਟ ਦੀ ਇਕ ਨਕਲ ਹੇਠਾਂ ਦਿੱਤੀ ਗਈ ਹੈ।

---

ਟਿੱਪਣੀਆਂ

[1]ਜੇ. ਡਬਲਯੂ. ਮੈਕਰਗਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 306. ਇਸ ਤੇ ਵਿਸਤਾਰ ਵਿਚ ਚਰਚਾ ਯਿਸੂ ਤੇ ਜੀ ਉੱਠਣ ਤੇ ਅਧਿਐਨ ਕਰਨ ਵੇਲੇ ਕੀਤੀ ਜਾਵੇਗੀ। [2]ਉਹੀ। [3]ਨੈਟ ਕੂਪਰ, *ਏ ਸਰਵੇ ਆਫ਼ ਦ ਲਾਈਫ਼ ਆਫ਼ ਕ੍ਰਾਈਸਟ* (ਲੱਬੌਕ, ਟੈਕਸਸ: ਸਨਸੈੱਟ ਇੰਟਰਨੈਸ਼ਨਲ ਬਾਈਬਲ ਇੰਸਟੀਚਯੂਟ, ਪੰਨਾ ਰਹਿਤ), 54.


ਸ਼ੁੱਕਰਵਾਰ
ਸਵੇਰੇ 6 ਵਜੇ
ਸਨਿੱਚਰਵਾਰ
ਸਵੇਰੇ 6 ਵਜ
ਐਤਵਾਰ
ਸਵੇਰੇ 6 ਵਜੇ
ਕਯਾਫ਼ਾ
ਅੰਨਾਸ
ਪਿਲਾਤੂਸ
ਸਲੀਬ ਦਿੱਤਾ ਗਿਆ
ਸਵੇਰੇ 9 ਵਜ
ਮਰਕੁਸ 15:25
ਬਾਗ਼
ਮਰ ਗਿਆ
ਸ਼ਾਮ 3 ਵਜੇ
ਮੱਤੀ 27:46-50;
ਮਰਕੁਸ 15:33-37;
ਲੂਕਾ 23:44-46
ਕਬਰ
ਮਰਕੁਸ 15:42-46;
ਲੂਕਾ 23:50-54;
ਮੱਤੀ 27:57-60
ਚੁਬਾਰੇ ਵਾਲਾ
ਕਮਰਾ
ਸੱਬਤ
ਮੱਤੀ 27:62; ਲੂਕਾ 23:56
"ਉਹ ਜੀ ਉੱਠਿਆ ਹੈ"
ਮੱਤੀ 28:1-6;
ਮਰਕੁਸ 16:1-6;
ਲੂਕਾ 24:1-6;
ਯੂਹੰਨਾ 20:1-8
ਚਾਰਟ ਸਮੇਂ ਦੀ ਯਹੂਦੀ ਗਣਨਾ ਦੇ ਅਧਾਰ ਤੇ ਬਣਾਇਆ ਗਿਆ ਹੈ। ਉਸ ਗਣਨਾ ਦੇ ਮੁਤਾਬਕ ਨਵੇਂ ਦਿਨ ਦੀ ਸ਼ੁਰੂਆਤ ਦਿਨ ਦੇ ਢਲਣ ਤੇ ਤਕਰੀਬਨ 6:00 ਵਜੇ ਹੁੰਦੀ ਸੀ। ਵਚਨ ਵਿਚ ਵਰਤੇ ਗਏ ਵਾਕਅੰਸ਼ਾਂ ("ਪਹਿਲਾ ਪਹਿਰ" ਅਤੇ "ਤੀਜਾ ਪਹਿਰ") ਦਾ ਆਧੁਨਿਕ ਅਨੁਵਾਦ ("ਸਵੇਰੇ 9 ਵਜੇ" ਅਤੇ "ਸ਼ਾਮ 3 ਵਜੇ") ਕੀਤਾ ਗਿਆ ਹੈ।
ਸ਼ਾਮ 6 ਵਜੇ
ਸ਼ਾਮ 6 ਵਜੇ
ਸ਼ਾਮ 6 ਵਜੇ